**<u>ਦਫਤਰ ਉਪ ਮੰਡਲ ਮੈਜਿਸਟਰੇਟ,ਰੂਪਨਗਰ।</u>**

**<u>ਹੁਕਮ</u>**

ਸਿਵਲ ਸਰਜਨ,ਰੂਪਨਗਰ ਵੱਲੋਂ ਆਪਣੇ ਦਫਤਰ ਦੇ ਪੱਤਰ ਨੰ:IDSP/2021/2513 ਮਿਤੀ 24.05.2021 ਰਾਹੀਂ **<u>ਪਿੰਡ ਕੋਟਲਾ ਟੱਪਰੀਆਂ,ਤਹਿਸੀਲ ਅਤੇ ਜਿਲ੍ਹਾ ਰੂਪਨਗਰ</u>** ਦੇ"**<u>ਸ੍ਰੀ ਗੁਰਦੁਆਰਾ ਸਾਹਿਬ ਤੋਂ ਲੈ ਕੇ ਸ੍ਰੀ ਗੁਰਮੇਲ ਸਿੰਘ ਪੁੱਤਰ ਸ੍ਰੀ ਸੋਮਨਾਥ ਦੇ ਘਰ ਤੱਕ,ਸ੍ਰੀ ਕਿਸਨ ਸਿੰਘ ਦੇ ਘਰ ਤੋਂ ਲੈ ਕੇ ਸ੍ਰੀ ਇੰਦਰਜੀਤ ਸਿੰਘ ਦੇ ਘਰ ਤੱਕ ਅਤੇ ਸ੍ਰੀ ਹਜੂਰਾ ਸਿੰਘ ਦੇ ਘਰ ਤੋਂ ਲੈ ਕੇ ਸ੍ਰੀ ਕਿਸਨ ਸਿੰਘ ਦੇ ਘਰ ਤੱਕ ਦੇ ਏਰੀਏ</u>** "ਨੂੰ 5 ਤੋਂ ਵੱਧ ਕੋਰੋਨਾ ਪੋਜੀਟਿਵ ਕੇਸ ਆਉਣ ਕਾਰਨ ਭਾਰਤ ਸਰਕਾਰ ਵੱਲੋਂ ਜਾਰੀ MICRO CONTAINMENT PLAN,COVID-19 ਦੀ ਪਾਲਣਾਂ ਵਿੱਚ Micro Containment Zone ਬਣਾਉਣ ਸੰਬਧੀ ਲਿਖਿਆ ਗਿਆ ਸੀ।ਜਿਸਦੇ ਅਧਾਰ ਤੇ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰ:**<u>4251-4267/ ਕੋਵਿਡ-19 ਮਿਤੀ 24.05.2021</u>** ਰਾਹੀਂ ਇਸ ਏਰੀਏ ਨੂੰ MICRO CONTAINMENT ZONE ਬਣਾਇਆ ਗਿਆ ਸੀ।

ਮਾਨਯੋਗ ਅਡੀਸਨਲ ਚੀਫ ਸੈਕਟਰੀ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ ਜੀ ਦੇ ਹੁਕਮ ਪਿੱਠ ਅੰਕਣ ਨੰ:COVID-19/ NHM/1476-1483 ਮਿਤੀ 18.6.2020 ਰਾਹੀਂ ਹੋਏ ਹੁਕਮਾਂ ਅਨੁਸਾਰ MICRO CONTAINMENT ZONE ਵਿੱਚ ਜੇਕਰ ਪਿਛਲੇ 5 ਦਿਨਾਂ ਦੌਰਾਨ ਕੋਈ ਵੀ ਹੋਰ ਕੋਰੋਨਾ ਪੋਜੀਟਿਵ ਕੇਸ ਨਾ ਆਵੇ ਤਾਂ MICRO CONTAINMENT ZONE ਦੇ 10 ਦਿਨ ਪੂਰੇ ਹੋਣ ਤੋਂ ਬਾਅਦ ਉਸਨੂੰ ਖੋਲ ਦਿੱਤਾ ਜਾਵੇ। ਸੀਨੀਅਰ ਮੈਡੀਕਲ ਅਫਸਰ ਇੰ:,ਸੀ.ਐਚ.ਸੀ.ਭਰਤਗੜ੍ਹ ਵੱਲੋਂ ਆਪਣੇ ਦਫਤਰ ਦੇ **<u>ਪੱਤਰ ਨੰ:1025 ਮਿਤੀ 03.06.2021</u>** ਰਾਹੀਂ ਇਸ ਏਰੀਏ ਵਿੱਚ ਮਿਤੀ 29.05.2021 ਤੋਂ ਬਾਅਦ ਕੋਈ ਵੀ ਨਵਾਂ ਕੋਰੋਨਾ ਪੋਜੀਟਿਵ ਕੇਸ ਨਾ ਆਉਣ ਕਾਰਨ **Micro Containment Zone** ਨੂੰ ਖੋਲਣ ਸਬੰਧੀ ਲਿਖਿਆ ਗਿਆ ਹੈ।ਇਸ ਲਈ ਸੀਨੀਅਰ ਮੈਡੀਕਲ ਅਫਸਰ ਇੰ:,ਸੀ.ਐਚ.ਸੀ.ਭਰਤਗੜ੍ਹ ਦੀ ਰਿਪੋਰਟ ਦੇ ਅਧਾਰ ਤੇ **<u>ਪਿੰਡ ਕੋਟਲਾ ਟੱਪਰੀਆਂ,ਤਹਿਸੀਲ ਅਤੇ ਜਿਲ੍ਹਾ ਰੂਪਨਗਰ ਦੇ ਉਕਤ ਏਰੀਏ ਨੂੰ MICRO CONTAINMENT ZONE ਤੋਂ ਮੁਕਤ ਕੀਤਾ ਜਾਂਦਾ ਹੈ</u>**।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ **<u>03.06.2021</u>**

ਉਪ ਮੰਡਲ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ:**<u>4329-4344/ਕੋਵਿਡ-19</u>** ਮਿਤੀ **<u>03.06.2021</u>**

ਇਸ ਦਾ ਇੱਕ ਉਤਾਰਾ ਸੇਵਾ ਵਿਖੇ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਡਿਪਟੀ ਕਮਿਸਨਰ,ਰੂਪਨਗਰ ਜੀ
2. ਸੀਨੀਅਰ ਪੁਲਿਸ ਕਪਤਾਨ,ਰੂਪਨਗਰ ਜੀ
3. ਸਿਵਲ ਸਰਜਨ,ਰੂਪਨਗਰ
4. ਉਪ ਪੁਲਿਸ ਕਪਤਾਨ,ਰੂਪਨਗਰ
5. ਜਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ,ਰੂਪਨਗਰ
6. ਤਹਿਸੀਲਦਾਰ,ਰੂਪਨਗਰ
7. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,ਰੂਪਨਗਰ।
8. ਕਾਰਜਕਾਰੀ ਇੰਜੀਨੀਅਰ,ਲੋਕ ਨਿਰਮਾਣ ਵਿਭਾਗ ਬੀ.ਐਂਡ.ਆਰ.,ਰੂਪਨਗਰ
9. ਜਿਲ੍ਹਾ ਮੰਡੀ ਅਫਸਰ,ਰੂਪਨਗਰ
10. ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਰੂਪਨਗਰ
11. ਡਿਪਟੀ ਡਾਇਰੈਕਟਰ,ਐਨੀਮਲ ਹਸਬੈਂਡਰੀ,ਰੂਪਨਗਰ
12. ਕਾਰਜਕਾਰੀ ਇੰਜੀਨੀਅਰ ,ਵਾਟਰ ਸਪਾਲਾਈ ਅਤੇ ਸੈਨੀਟੇਸਨ,ਰੂਪਨਗਰ
13. ਕਾਰਜਕਾਰੀ ਇੰਜੀਨੀਅਰ ,ਪੀ.ਐਸ.ਪੀ.ਸੀ.ਐਲ,ਰੂਪਨਗਰ
14. ਰਜਿਸਟਰਾਰ,ਸਹਿਕਾਰੀ ਸਭਾਵਾ,ਰੂਪਨਗਰ
15. ਸਬੰਧਤ ਡਿਊਟੀ ਅਫਸਰ
16. ਸਟੈਨੋ ਟੂ ਏ.ਡੀ.ਸੀ./ਸਟੈਨੋ ਟੂ ਡੀ.ਆਰ.ਓ.ਰੂਪਨਗਰ

ਉਪ ਮੰਡਲ ਮੈਜਿਸਟਰੇਟ,
ਰੂਪਨਗਰ।